## ਸਾਡੇ ਬਾਰੇ ਪੰਨਾ

ਸਟੈੱਪਸ ਟੁ ਵਰਕ (ਵਾਲਸੈੱਲ) ਲਿਮਿਟੇਡ ਵਾਲਸੈੱਲ ਅਤੇ ਵੌਲਵਰਹੈਂਪਟਨ 'ਚ ਲੋਕਾਂ ਅਤੇ ਸੰਗਠਨਾਂ ਨੂੰ ਸਹਾਇਤਾ ਮੁਹੱਈਆ ਕਰਨ ਵਾਲੀ ਰੁਜ਼ਗਾਰ ਅਤੇ ਪਰਸ਼ਿੱਕਸ਼ਣ ਸਬੰਧੀ ਪਰਗਤੀਸ਼ੀਲ ਚੈਰਿਟੀ ਹੈ। ਇਕ ਵਿਸ਼ੇਸ਼ੱਗ ਰੁਜ਼ਗਾਰ ਸਹਾਇਤਾ ਸੰਗਠਨ ਦੇ ਤੌਰ 'ਤੇ, ਅਸੀਂ, ਕੰਮ ਲੱਭਣ 'ਚ ਮਹੱਤਵਪੂਰਨ ਜਾਂ ਵੱਖੋ-ਵੱਖ ਰੁਕਾਵਟਾਂ ਦਾ ਸਾਮ੍ਹਣਾ ਕਰ ਰਹੇ ਲੋਕਾਂ ਸਮੇਤ, ਬੇਰੁਜ਼ਗਾਰ ਲੋਕਾਂ ਨੂੰ ਇਨ੍ਹਾਂ ਚੁਣੌਤੀਆਂ ਨੂੰ ਦੂਰ ਕਰਨ ਅਤੇ ਦੀਰਘਕਾਲਕ, ਉੱਚਿਤ ਰੁਜ਼ਗਾਰ ਲੱਭਣ 'ਚ ਲੋੜੀਂਦੀ ਮਦਦ ਮੁਹੱਈਆ ਕਰਦੇ ਹਾਂ।

2007/8 'ਚ, ਅਸੀਂ 8435 ਗਾਹਕਾਂ ਨੂੰ ਸਹਾਇਤਾ ਮੁਹੱਈਆ ਕੀਤੀ ਅਤੇ ਸੈਂਕੜਿਆਂ ਮਾਲਕਾਂ ਨਾਲ ਕੰਮ ਕਰਦੇ ਹੋਏ ਅਤੇ ਸਥਾਨਕ ਲੋਕਾਂ ਦੀ ਮਦਦ ਕਰਨ ਲਈ ਸਾਡੀ ਦੂਰਦਰਿਸ਼ਟੀ ਅਤੇ ਜੋਸ਼ ਸਾਂਝਾ ਕਰਨ ਵਾਲੇ ਦੂਜੇ ਸੰਗਠਨਾਂ ਨਾਲ ਮਜ਼ਬੂਤ ਸਾਂਝਦਾਰੀਆਂ ਰਾਹੀਂ 2290 ਤੋਂ ਵੱਧ ਲੋਕਾਂ ਨੂੰ ਨੌਕਰੀ ਪ੍ਰਾਪਤ ਕਰਨ 'ਚ ਮਦਦ ਕੀਤੀ।

ਸਥਾਨਕ ਬੇਰੁਜ਼ਗਾਰ ਲੋਕਾਂ ਲਈ ਸਹਾਇਤਾ ਤਕ ਪਹੁੰਚ ਪ੍ਰਾਪਤ ਕਰਨ ਅਤੇ ਦੀਰਘਕਾਲਕ ਰੁਜ਼ਗਾਰ ਲੱਭਣ ਦੇ ਉਪਲਬਧ ਮੌਕੇ ਵਧਾਉਣ ਦੀ ਆਪਣੀ ਵਚਨਬੱਧਤਾ ਹੇਠ, ਅਸੀਂ ਪੂਰੇ ਵੌਲਵਰਹੈਂਪਟਨ ਅਤੇ ਵਾਲਸੈੱਲ 'ਚ ਉੱਚਿਤ ਥਾਂਵਾਂ 'ਤੇ ਸਥਿਤ ਸ਼ਾਖਾਵਾਂ ਦਾ ਨੈੱਟਵਰਕ ਵਿਕਸਿਤ ਕੀਤਾ ਹੈ। ਸਾਡੇ ਵਿਸਤਾਰਤ ਨੈੱਟਵਰਕ 'ਚ ਵਰਕ ਆੱਨ ਦਿ ਹੌਰਾਇਜ਼ਨ **(Work on the Horizon)**, ਡਾਰਲਾਸਟਨ ਜੇ.ਈ.ਟੀ. **(Darlaston JET)** ਅਤੇ ਸਟਾਰਟਿੰਗ ਪੁਆਇੰਟ ਰਿਕ੍ਰੂਟਮੈਂਟ**) Starting Point Recruitment)** ਸ਼ਾਮਲ ਹਨ।